**ਡਾਇਰੈਕਟੋਰੇਟ**
**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,**
**ਐਸ.ਸੀ.ਓ. ਨੰ. 7, ਫੇਜ-1, ਐਸ.ਏ.ਐਸ. ਨਗਰ।**

ਸੇਵਾ ਵਿਖੇ,

ਸਟੇਟ ਇਨਫਰਮੇਟਿਕਸ ਅਫਸਰ,
ਪੰਜਾਬ।

ਮੀਮੋ ਨੰ: 1/580802/2023
ਮਿਤੀ: ਸ-17/ 15-06-2023

**ਵਿਸ਼ਾ:** **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਤਹਿਤ ਸਾਲ 2022-23 ਲਈ ਸੰਸਥਾਵਾਂ, ਸੈਕਸ਼ਨਿੰਗ ਅਤੇ ਲਾਗੂਕਰਤਾ ਵਿਭਾਗਾਂ ਲਈ ਪੈਂਡਿੰਗ ਰਹਿੰਦੇ ਕੇਸਾਂ ਨੂੰ ਵੈਰੀਫਾਈ ਕਰਨ ਲਈ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲ੍ਹਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਾਲ 2022-23 ਦੇ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੋ ਕੇਸ ਸੰਸਥਾਵਾਂ, ਸੈਕਸ਼ਨਿੰਗ ਅਥਾਰਟੀ ਅਤੇ ਲਾਗੂਕਰਤਾ ਵਿਭਾਗਾਂ ਦੇ ਪੱਧਰ ਤੇ ਪੈਡਿੰਗ ਹਨ, ਉਨ੍ਹਾਂ ਨੂੰ ਵੈਰੀਫਾਈ ਕਰਨ ਲਈ ਆਖਰੀ ਮੌਕਾ ਦਿੰਦੇ ਹੋਏ, ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਦਾ ਸ਼ਡਿਊਲ ਹੇਠ ਅਨੁਸਾਰ ਹੈ:-

| ACTIVITY SCHEDULE 2022-23 | | |
|---|---|---|
| 1 | The last date for Institutes to forward complete cases after corrections to the approving authority/sanctioning authorities (Fresh and Renewal) (SC) | 20 June 2023 |
| 2 | The last date for the approving authority to send online proposals to line departments/ sanctioning departments for scholarship (SC) | 23 June 2023 |
| 3 | The last date for line departments / sanctioning departments to send online proposals to welfare Department for Scholarship (SC) | 27 June 2023 |

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਕੀਮ ਤਹਿਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਲੜੀ ਨੰ: 1 ਅਤੇ 2 ਲਈ simultaneously ਖੁੱਲਾ ਰੱਖਿਆ ਜਾਵੇ।

**ਡਿਪਟੀ ਡਾਇਰੈਕਟਰ (ਸ)**

ਉਪਰੋਕਤ ਦਾ ਉਤਾਰਾ ਸਮੂਹ ਲਾਗੂ ਕਰਤਾ ਵਿਭਾਗਾਂ ਨੂੰ ਭੇਜ ਕੇ ਲਿਖਿਆ ਜਾਂਦਾ ਕਿ ਸਮੂਹ ਸੰਸਥਾਵਾਂ ਨੂੰ ਇਸ ਬਾਰੇ ਸੂਚਿਤ ਕਰ ਦਿਤਾ ਜਾਵੇ ਅਤੇ ਆਪਣੇ ਪੱਧਰ ਤੇ ਇਸ ਪ੍ਰੋਸੈਸ ਨੂੰ ਸਮਾਂ ਬੱਧ ਤਰੀਕੇ ਨਾਲ ਨੇਪਰੇ ਚਾੜਨ ਲਈ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਦੇ ਨਾਲ ਹੀ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਵੇ ਕਿ ਯੋਗ ਵਿਦਿਆਰਥੀਆਂ ਦੇ ਕੇਸਾਂ ਨੂੰ ਵੈਰੀਫਾਈ ਕੀਤਾ ਜਾਵੇ ਅਤੇ ਅਯੋਗ ਵਿਦਿਆਰਥੀਆਂ ਦੇ ਕੇਸ ਰਿਜੈਕਟ ਕਰ ਦਿੱਤੇ ਜਾਣ ਕੋਈ ਵੀ ਕੇਸ ਪੈਡਿੰਗ ਨਾ ਰੱਖਿਆ ਜਾਵੇ।

**ਡਿਪਟੀ ਡਾਇਰੈਕਟਰ (ਸ)**

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਨਿੱਜੀ ਸਕੱਤਰ, ਵਧੀਕ ਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ;
2. ਨਿੱਜੀ ਸਹਾਇਕ, ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ;
3. ਸਮੂਹ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਪੰਜਾਬ ਰਾਜ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਦੀਆਂ ਸੈਕਸ਼ਨਿੰਗ ਅਥਾਰਟੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਯੋਗ ਵਿਦਿਆਰਥੀਆਂ ਦੇ ਕੇਸਾਂ ਨੂੰ ਵੈਰੀਫਾਈ ਕੀਤਾ ਜਾਵੇ ਅਤੇ ਅਯੋਗ ਵਿਦਿਆਰਥੀਆਂ ਦੇ ਕੇਸ ਰਿਜੈਕਟ ਕਰ ਦਿੱਤੇ ਜਾਣ ਕੋਈ ਵੀ ਕੇਸ ਪੈਂਡਿੰਗ ਨਾ ਰੱਖਿਆ ਜਾਵੇ।

**ਡਿਪਟੀ ਡਾਇਰੈਕਟਰ (ਸ)**